GENERATION NEW ERA

A STUDY OF CHILDREN BORN IN THE 2020s

# ਤੁਹਾਡੇ ਲਈ ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) ਦਾ ਹਿੱਸਾ ਬਣਨ ਦਾ ਮੌਕਾ

ਪਿਆਰੇ ਮਾਤਾ/ਪਿਤਾ,

ਅਸੀਂ ਤੁਹਾਨੂੰ ਇਹ ਦੱਸਣ ਲਈ ਚਿੱਠੀ ਲਿਖ ਰਹੇ ਹਾਂ ਕਿ ਤੁਹਾਡੇ ਕੋਲ **ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) ਦਾ ਹਿੱਸਾ ਬਣਨ** ਦਾ ਮੌਕਾ ਹੈ - ਜੋ ਕਿ 2022 ਵਿੱਚ ਪੈਦਾ ਹੋਏ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਇੱਕ ਨਵਾਂ ਅਧਿਐਨ ਹੈ। ਇਹ ਸਾਡੇ ਬਦਲ ਰਹੇ ਸੰਸਾਰ ਵਿੱਚ ਵੱਡੇ ਹੋ ਰਹੇ ਬੱਚਿਆਂ ਦੀ ਸਿਹਤ ਅਤੇ ਵਿਕਾਸ ਵਿੱਚ ਮਹੱਤਵਪੂਰਨ ਵਿਗਿਆਨਕ ਸਮਝ ਪ੍ਰਦਾਨ ਕਰੇਗਾ, ਅਤੇ ਯੂਕੇ ਵਿੱਚ ਬੱਚਿਆਂ ਅਤੇ ਪਰਿਵਾਰਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਖੋਜਕਰਤਾਵਾਂ, ਸਰਕਾਰਾਂ ਅਤੇ ਸੇਵਾ ਪ੍ਰਦਾਤਾਵਾਂ ਦੀ ਮਦਦ ਕਰੇਗਾ।

ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) ਦੀ ਅਗਵਾਈ ਯੂਨੀਵਰਸਿਟੀ ਕਾਲਜ ਲੰਡਨ (UCL) ਦੁਆਰਾ ਕੀਤੀ ਜਾਂਦੀ ਹੈ। ਇੱਕ ਸੁਤੰਤਰ ਰਿਸਰਚ ਸੰਸਥਾ, Ipsos, ਸਾਡੀ ਤਰਫ਼ੋਂ ਇਹ ਜਾਣਕਾਰੀ ਇਕੱਠੀ ਕਰੇਗੀ। ਇਸਦਾ ਭੁਗਤਾਨ ਆਰਥਿਕ ਅਤੇ ਸਮਾਜਕ ਰਿਸਰਚ ਕੌਂਸਲ ਦੁਆਰਾ ਕੀਤਾ ਜਾਂਦਾ ਹੈ।

**ਤੁਹਾਡੇ ਲਈ ਹੁਣੇ ਇਹ ਫ਼ੈਸਲਾ ਕਰਨਾ ਜ਼ਰੂਰੀ ਨਹੀਂ ਹੈ ਕਿ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ।** ਅਗਲੇ ਕੁਝ ਮਹੀਨਿਆਂ ਦੇ ਅੰਦਰ, Ipsos **ਤੁਹਾਨੂੰ ਵਧੇਰੇ ਜਾਣਕਾਰੀ ਦੇ ਨਾਲ ਅਧਿਐਨ ਲਈ ਇੱਕ ਸੱਦਾ ਭੇਜੇਗੀ**। ਇਸ ਤੋਂ ਬਾਅਦ, Ipsos ਤੋਂ **ਇੱਕ ਟ੍ਰੇਨਿੰਗ ਪ੍ਰਾਪਤ ਇੰਟਰਵਿਊ ਲੈਣ ਵਾਲਾ ਵਿਅਕਤੀ** ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ, ਅਤੇ ਤੁਹਾਨੂੰ ਇਹ ਪੁੱਛਣ ਲਈ ਤੁਹਾਡੇ ਪਤੇ 'ਤੇ ਕਾਲ ਕਰੇਗਾ ਕਿ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ।

**ਜੇ ਤੁਸੀਂ ਅਧਿਐਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ ਜਾਂ ਹਿੱਸਾ ਨਾ ਲੈਣ ਨੂੰ ਤਰਜੀਹ ਦਿੰਦੇ ਹੋ**, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਤੁਹਾਡੇ ਨਾਲ ਅੱਗੇ ਕੋਈ ਹੋਰ ਸੰਪਰਕ ਨਹੀਂ ਕਰਾਂਗੇ। ਤੁਸੀਂ ਸਾਨੂੰ ਫ੍ਰੀਫ਼ੋਨ 0800 151 0610 ਦੁਆਰਾ ਜਾਂ ਈਮੇਲgnestudy@ipsos.com ਰਾਹੀਂ ਦੱਸ ਸਕਦੇ ਹੋ। ਕਿਰਪਾ ਕਰਕੇ ਇਸ ਚਿੱਠੀ ਦੇ ਸਿਖਰ 'ਤੇ ਦਿੱਤੇ ਤੁਹਾਡੇ ਰੈਫ਼ਰੈਂਸ ਨੰਬਰ ਨੂੰ ਈਮੇਲ ਵਿੱਚ ਸ਼ਾਮਲ ਕਰੋ। **ਜੇ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਪੇ ਭਾਵ ਮਾਤਾ ਜਾਂ ਪਿਤਾ ਨਾਲ ਰਹਿੰਦੇ ਹੋ**, ਅਤੇ ਜੇ ਉਹਨਾਂ ਨੂੰ ਵੀ ਇਹ ਚਿੱਠੀ ਮਿਲੀ ਹੈ, **ਅਤੇ ਜੇ ਉਹ ਹੋਰ ਜਾਣਕਾਰੀ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹਨ ਜਾਂ ਹਿੱਸਾ ਨਾ ਲੈਣ ਨੂੰ ਤਰਜੀਹ ਦਿੰਦੇ ਹਨ** ਤਾਂ ਉਹਨਾਂ ਨੂੰ ਵੀ ਸਾਡੇ ਨਾਲ ਵੱਖਰੇ ਤੌਰ 'ਤੇ ਸੰਪਰਕ ਕਰਨ ਦੀ ਲੋੜ ਹੋਵੇਗੀ।

ਤੁਹਾਡੀ ਮਦਦ ਲਈ ਪਹਿਲਾਂ ਤੋਂ ਧੰਨਵਾਦ। ਸਾਨੂੰ ਉਮੀਦ ਹੈ ਕਿ ਤੁਸੀਂ ਇਸ ਇਤਿਹਾਸਕ ਅਧਿਐਨ ਦਾ ਹਿੱਸਾ ਬਣਨ ਦਾ ਫ਼ੈਸਲਾ ਕਰੋਗੇ।

ਸ਼ੁਭਚਿੰਤਕ,

Alissa Goodman

**ਪ੍ਰੋਫ਼ੈਸਰ ਅਲੀਸਾ ਗੁੱਡਮੈਨ ਸੀਬੀਈ (Professor Alissa Goodman CBE)**
ਅਧਿਐਨ ਨਿਰਦੇਸ਼ਕ, ਯੂਕੇ
ਯੂਨੀਵਰਸਿਟੀ ਕਾਲਜ ਲੰਡਨ

L01GPA IND

ਕਿਰਪਾ ਕਰਕੇ ਪੰਨਾ ਪਲਟੋ →

## ਹਿੱਸਾ ਲੈਣ ਵਿੱਚ ਕੀ ਕੁਝ ਸ਼ਾਮਲ ਹੋਵੇਗਾ?

ਅਸੀਂ ਮਾਂਵਾਂ ਅਤੇ ਪਿਤਾਵਾਂ ਨੂੰ ਇੱਕ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਕਹਾਂਗੇ। ਮਾਂ ਜਾਂ ਪਿਤਾ ਵਿੱਚੋਂ ਇੱਕ ਨੂੰ, ਇਸ ਵਿੱਚ ਕੋਈ 60 ਕੁ ਮਿੰਟ ਲੱਗਣਗੇ, ਅਤੇ ਦੂਜੇ ਨੂੰ ਕੋਈ 30-40 ਮਿੰਟ। **ਹਿੱਸਾ ਲੈਣਾ ਪੂਰੀ ਤਰ੍ਹਾਂ ਨਾਲ ਤੁਹਾਡੇ 'ਤੇ ਨਿਰਭਰ ਕਰਦਾ ਹੈ।** ਹਰ ਮਾਂ ਜਾਂ ਪਿਤਾ ਨੂੰ, ਉਹਨਾਂ ਵੱਲੋਂ ਕੱਢੇ ਗਏ ਸਮੇਂ ਲਈ ਸ਼ੁਕਰਾਨੇ ਦੇ ਰੂਪ ਵਿੱਚ ਇੱਕ **ਵਾਊਚਰ** ਮਿਲੇਗਾ। ਜਦੋਂ ਤੁਹਾਡੇ ਬੱਚਾ ਵੱਡਾ ਹੋ ਜਾਵੇਗਾ ਤਾਂ ਅਸੀਂ ਤੁਹਾਡੇ ਨਾਲ ਦੁਬਾਰਾ ਗੱਲ ਕਰਨੀ ਚਾਹਾਂਗੇ। ਸਾਨੂੰ ਉਮੀਦ ਹੈ ਕਿ ਅਸੀਂ ਤੁਹਾਨੂੰ ਹਰ ਕੁਝ ਸਾਲਾਂ ਵਿੱਚ ਹਿੱਸਾ ਲੈਣ ਲਈ ਸੱਦਾ ਦੇਵਾਂਗੇ। **ਇਸ ਦਾ ਫ਼ੈਸਲਾ ਹਮੇਸ਼ਾ ਤੁਹਾਡੇ 'ਤੇ ਨਿਰਭਰ ਕਰੇਗਾ** ਕਿ ਕੀ ਤੁਸੀਂ ਭਾਗ ਲੈਣਾ ਹੈ ਜਾਂ ਨਹੀਂ। ਇੰਟਰਵਿਊ ਅੰਗ੍ਰੇਜ਼ੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਵਿੱਚ ਕੀਤੀ ਜਾ ਸਕਦੀ ਹੈ। ਇਹ ਪੱਤਰ, ਅਤੇ ਹੋਰ ਅਧਿਐਨ ਜਾਣਕਾਰੀ, ਅਧਿਐਨ ਵੈੱਬਸਾਈਟ: gnestudy.info 'ਤੇ ਹੋਰ ਭਾਸ਼ਾਵਾਂ ਵਿੱਚ ਉਪਲਬਧ ਹੈ।

## ਮੈਨੂੰ ਇਸ ਅਧਿਐਨ ਲਈ ਕਿਵੇਂ ਚੁਣਿਆ ਗਿਆ ਸੀ?

ਸਭ ਤੋਂ ਪਹਿਲਾਂ, ਅਧਿਐਨ ਵਿੱਚ ਸਿਰਫ਼ ਨਵੰਬਰ ਅਤੇ ਦਸੰਬਰ 2022 ਵਿੱਚ ਪੈਦਾ ਹੋਏ ਬੱਚੇ ਸ਼ਾਮਲ ਹਨ। ਦੂਜਾ, ਅਧਿਐਨ ਲਈ ਯੂਕੇ ਦੇ ਅੰਦਰ ਸਿਰਫ 250 ਖੇਤਰਾਂ ਨੂੰ ਚੁਣਿਆ ਗਿਆ ਸੀ। ਇਹਨਾਂ ਖੇਤਰਾਂ ਵਿੱਚ ਪੈਦਾ ਹੋਏ ਬੱਚਿਆਂ ਨੂੰ 2022 ਵਿੱਚ ਯੂਕੇ ਵਿੱਚ ਪੈਦਾ ਹੋਏ ਸਾਰੇ ਲੋਕਾਂ ਦੇ ਪ੍ਰਤੀਨਿਧੀ ਵਜੋਂ ਚੁਣਿਆ ਜਾਂਦਾ ਹੈ।

ਤੁਹਾਡੇ ਪਰਿਵਾਰ ਨੂੰ ਇੰਗਲੈਂਡ ਅਤੇ ਵੇਲਜ਼ ਲਈ NHS ਇੰਗਲੈਂਡ ਦੁਆਰਾ ਰੱਖੇ ਗਏ **ਜਨਮਾਂ ਦੇ ਰਿਕਾਰਡਾਂ** ਤੋਂ ਅਤੇ ਸਕਾਟਲੈਂਡ ਅਤੇ ਪਬਲਿਕ ਹੈਲਥ ਸਕਾਟਲੈਂਡ ਦੇ ਨੈਸ਼ਨਲ ਰਿਕਾਰਡਾਂ ਤੋਂ ਬੇਤਰਤੀਬ ਢੰਗ ਨਾਲ ਚੁਣਿਆ ਗਿਆ ਸੀ। ਇਹਨਾਂ ਸੰਸਥਾਵਾਂ ਨੇ ਤੁਹਾਡਾ ਨਾਮ, ਪਤਾ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਾਈ ਸੀ।

ਅਧਿਐਨ ਲਈ ਚੁਣੇ ਗਏ ਪਰਿਵਾਰ ਪੂਰੇ ਯੂਕੇ ਵਿੱਚ ਸਮੁੱਚੇ ਤੌਰ 'ਤੇ ਪਰਿਵਾਰਾਂ ਦੀ ਵਿਭਿੰਨਤਾ ਨੂੰ ਦਰਸਾਉਂਦੇ ਹਨ। ਅਧਿਐਨ ਲਈ ਚੁਣਿਆ ਗਿਆ ਹਰੇਕ ਪਰਿਵਾਰ ਅਨੋਖਾ ਹੈ ਅਤੇ ਅਸੀਂ ਤੁਹਾਡੀ ਥਾਂ ਕਿਸੇ ਹੋਰ ਨੂੰ ਨਹੀਂ ਲੈ ਸਕਦੇ ਹਾਂ।

## ਜੇ ਮੈਂ ਆਪਣੇ ਬੱਚੇ ਦੀ ਮਾਂ ਜਾਂ ਪਿਤਾ ਤੋਂ ਅਲੱਗ ਰਹਿੰਦਾ ਜਾਂ ਰਹਿੰਦੀ ਹਾਂ ਤਾਂ?

ਹਰੇਕ ਬੱਚੇ ਦੇ ਜੀਵਨ ਦੀ ਪੂਰੀ ਤਸਵੀਰ ਬਣਾਉਣ ਵਿੱਚ ਸਾਡੀ ਮਦਦ ਲਈ, ਅਸੀਂ ਉਹਨਾਂ ਮਾਂਵਾਂ ਜਾਂ ਪਿਤਾਵਾਂ ਨੂੰ ਸ਼ਾਮਲ ਕਰਨਾ ਚਾਹੁੰਦੇ ਹਾਂ ਜੋ ਆਪਣੇ ਬੱਚੇ ਦੇ ਪਿਤਾ ਜਾਂ ਮਾਂ ਤੋਂ ਵੱਖ ਰਹਿੰਦੇ ਹਨ।

ਜਿੱਥੇ ਸਾਡੇ ਕੋਲ ਜਨਮ ਰਿਕਾਰਡਾਂ ਤੋਂ ਮਾਂ ਅਤੇ ਪਿਤਾ ਦੋਵਾਂ ਦੇ ਨਾਮ ਅਤੇ ਪਤੇ ਮੌਜੂਦ ਹੋਣਗੇ, ਉੱਥੇ ਅਸੀਂ ਉਹਨਾਂ ਦੋਵਾਂ ਨੂੰ ਭਾਗ ਲੈਣ ਲਈ ਸੱਦਾ ਦੇਣ ਵਾਸਤੇ ਵੱਖਰੇ ਤੌਰ 'ਤੇ ਸੰਪਰਕ ਕਰਾਂਗੇ। ਜੇ ਇਹ ਤੁਹਾਡੇ 'ਤੇ ਲਾਗੂ ਹੁੰਦਾ ਹੈ, ਤਾਂ ਤੁਹਾਡੇ ਬੱਚੇ ਦੀ ਮਾਂ ਜਾਂ ਪਿਤਾ ਨੂੰ ਵੀ ਇਹ ਚਿੱਠੀ ਮਿਲੇਗੀ। ਜਿੱਥੇ ਮਾਂ ਅਤੇ ਪਿਤਾ ਵੱਖ-ਵੱਖ ਘਰਾਂ ਵਿੱਚ ਰਹਿ ਰਹੇ ਹਨ, ਜੇ ਉਹ ਹਿੱਸਾ ਨਹੀਂ ਲੈਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਵੱਖਰੇ ਤੌਰ 'ਤੇ ਸਾਡੇ ਨਾਲ ਸੰਪਰਕ ਕਰਨਾ ਪਵੇਗਾ।

**ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਬੱਚੇ ਦੀ ਮਾਂ ਜਾਂ ਪਿਤਾ ਨਾਲ ਹੋਰ ਸੰਪਰਕ ਨਾ ਕਰੀਏ ਜਾਂ ਜੇ ਤੁਹਾਨੂੰ ਇਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ 0800 151 0610 'ਤੇ ਜਾਂ gnestudy@ipsos.com 'ਤੇ ਸੰਪਰਕ ਕਰੋ।**

## ਤੁਹਾਡੀ ਗੋਪਨੀਅਤਾ

**ਤੁਹਾਡੇ ਦੁਆਰਾ ਅਧਿਐਨ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ ਅਤੇ ਸਿਰਫ਼ ਰਿਸਰਚ ਦੇ ਉਦੇਸ਼ਾਂ ਲਈ ਹੀ ਵਰਤਿਆ ਜਾਵੇਗਾ।** UCL ਕੋਲ ਤੁਹਾਡੇ ਨਿੱਜੀ ਡੇਟਾ ਨੂੰ ਪ੍ਰਕਿਰਿਆ ਵਿੱਚ ਪਾਉਣ ਦਾ ਕਨੂੰਨੀ ਅਧਾਰ ਹੈ ਕਿਉਂਕਿ ਇਹ ਆਮ ਡੇਟਾ ਸੁਰੱਖਿਆ ਨਿਯਮ (General Data Protection Regulation) ਦੇ ਤਹਿਤ 'ਜਨ ਹਿੱਤ ਵਿੱਚ ਇੱਕ ਕੰਮ' ਵਾਸਤੇ ਹੈ। ਸਾਡੇ ਕੋਲ NHS ਹੈਲਥ ਰਿਸਰਚ ਅਥਾਰਟੀ ਦੇ ਗੋਪਨੀਯਤਾ ਸਲਾਹਕਾਰ ਸਮੂਹ, ਡਾਟਾ ਜਾਰੀ ਕਰਨ ਬਾਰੇ NHS ਇੰਗਲੈਂਡ ਦੇ ਸੁਤੰਤਰ ਸਮੂਹ, ਅਤੇ ਸਿਹਤ ਅਤੇ ਸਮਾਜਿਕ ਲਈ NHS ਸਕਾਟਲੈਂਡ ਜਨ ਹਿਤ ਅਤੇ ਨਿੱਜਤਾ ਪੈਨਲ ਤੋਂ ਤੁਹਾਡੇ ਨਾਲ ਸੰਪਰਕ ਕਰਨ ਲਈ ਜਨਮ ਦੇ ਰਿਕਾਰਡਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਵਿਸ਼ੇਸ਼ ਮਨਜ਼ੂਰੀ ਹੈ। ਇਹ ਮਨਜ਼ੂਰੀ ਅਧਿਐਨ ਦੁਆਰਾ ਇਕੱਤਰ ਕੀਤੀ ਜਾਣ ਵਾਲੀ ਜਾਣਕਾਰੀ ਅਤੇ ਇਸ ਗੱਲ ਦੀ ਧਿਆਨ ਨਾਲ ਸਮੀਖਿਆ ਕੀਤੇ ਜਾਣ ਤੋਂ ਬਾਅਦ ਦਿੱਤੀ ਗਈ ਹੈ ਕਿ ਅਸੀਂ ਇਹ ਕਿਵੇਂ ਪੱਕਾ ਕਰਾਂਗੇ ਕਿ ਤੁਹਾਡੇ ਡੇਟਾ ਅਤੇ ਨਿੱਜਤਾ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਅਸੀਂ ਤੁਹਾਡੀ ਜਾਣਕਾਰੀ ਦਾ ਧਿਆਨ ਕਿਵੇਂ ਰੱਖਾਂਗੇ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਜੇ ਤੁਸੀਂ ਹਿੱਸਾ ਨਾ ਲੈਣ ਦਾ ਫ਼ੈਸਲਾ ਕਰਦੇ ਹੋ ਤਾਂ ਤੁਹਾਡੀ ਜਾਣਕਾਰੀ ਦਾ ਕੀ ਬਣੇਗਾ, ਇਸ ਬਾਰੇ ਪੂਰੇ ਵੇਰਵੇ **ਨਿੱਜਤਾ ਨੋਟਿਸ** ਵਿੱਚ ਅਧਿਐਨ ਦੀ ਵੈੱਬਸਾਈਟ **gnestudy.info/privacy** 'ਤੇ ਦਿੱਤੇ ਗਏ ਹਨ।

UCL Ipsos

gnestudy@ipsos.com 0800 151 0610 gnestudy.info @gnestudy Freepost IPSOS GNE STUDY